

### ਪੁੱਤ ਬਣ ਕੇ ਕਮਾਊਂ ਘਰ ਤੇਰੇ ਬਾਬਲਾ

# ਖੇਤੀ ਸੈਕਟਰ 'ਚ ਧੁੰਮਾਂ ਪਾਉਂਦੀ- ਗੁਰਪ੍ਰੀਤ ਦੋਦਾ

**ਗੁਰਨੈਬ ਸਾਜਨ ਦਿਓਣ**

ਕੌਣਾ ਕਹਿੰਦਾ ਹੈ ਕਿ ਲੜਕੀ ਕੋਮਲ ਹੁੰਦੀ ਹੈ ਜੋ ਖੇਤੀ ਦਾ ਕਠੋਰ ਕੰਮ ਨਹੀਂ ਕਰ ਸਕਦੀ। ਹਰ ਖੇਤਰ ਵਿੱਚ ਮੁੰਡਿਆਂ ਨੂੰ ਤਰਜੀਹ ਦੇਣ ਵਾਲਾ ਸਾਡਾ ਸਮਾਜ ਭਾਵੇਂ ਲੜਕੀਆਂ ਨੂੰ ਮਾਂ ਦੀ ਕੁੱਖ ਵਿੱਚ ਜਨਮ ਲੈਣ ਤੋਂ ਪਹਿਲਾਂ ਇਸ ਡਰੋਂ ਮਾਰ ਦਿੰਦਾ ਹੈ ਕਿ ਲੜਕੀਆਂ ਬੋਝ ਹੁੰਦੀਆਂ ਹਨ, ਲੜਕੇ ਧਿਰਾਂ ਹੁੰਦੇ ਨੇ ਜਹਾਨ ਤੇ, ਲੜਕਿਆਂ ਬਿਨਾਂ ਧਿਰ ਅੱਗੇ ਨਹੀਂ ਤੁਰ ਸਕਦੀ। ਪਰ ਹੁਣ ਉਹ ਸੱਚ ਨਹੀਂ ਰਿਹਾ ਸਗੋਂ ਲੜਕੀ ਨਬਨਾਂ ਵੀ ਵੰਸ ਅੱਗੇ ਨਹੀਂ ਤੁਰ ਸਕਦੀ। ਮੁੰਡੇ ਦੇ ਜਨਮ ਵੇਲੇ ਘਰ ਦੇ ਬਰੂਹਿਆਂ ਅੱਗੇ ਨਿੰਮ ਬਨ੍ਹਣ ਵਾਲਿਓ, ਖੁਸ਼ੀ 'ਚ ਲੱਡੂ ਬਰਫ਼ੀ ਵੰਡਣ ਵਾਲਿਓ, ਸ਼ਰਾਬਾਂ ਦੇ ਦੌਰ ਚਲਾਉਣ ਵਾਲਿਓ ਹੁਣ ਉਹੀ ਪਛਾਂਹ ਖਿੱਚੂ ਸੋਚ ਬਦਲਣੀ ਪਵੇਗੀ। ਅੱਜ ਦੀ ਲੜਕੀ ਹਰ ਖੇਤਰ ਵਿੱਚ ਮੱਲਾਂ ਮਾਰ ਰਹੀ ਹੈ। ਗੱਲ ਕੀ ਪੁਲਾੜ ਉੱਪਰ ਵੀ ਜਾ ਚੁੱਕੀ ਹੈ, ਪਾਇਲਟ, ਡਰਾਈਵਰ, ਮਰਦਾਂ ਬਰਾਬਰ ਮੋਢਾ ਡਾਹਕੇ ਚੱਲ ਰਹੀ ਹੈ। ਸਾਡੇ ਸਮੁੱਚੇ ਦੇਸ਼ ਦੀ ਵਾਂਡਗੋਰ ਤਾਂ ਮਾਣਯੋਗ ਪ੍ਰਤਿਭਾ ਪਾਟਿਲ ਰਾਸ਼ਟਰਪਤੀ ਦੇ ਹੱਥਾਂ ਵਿੱਚ ਹੈ। ਫੇਰ ਭਲਾ ਲੜਕੀ ਕਿਉਂ ਨਹੀਂ ਮੁੰਡਿਆਂ ਬਰਾਬਰ ਖੜ ਸਕਦੀ। ਹਾਂ ਸਾਡਾ ਸਮਾਜ ਲੜਕੀਆਂ ਪ੍ਰਤੀ ਮਾਨਸਿਕਤਾ ਬਦਲਣੀ ਨਹੀਂ ਚਾਹੁੰਦਾ। ਹੱਥਲੇ ਲੇਖ ਵਿੱਚ ਗੱਲ ਕਰ ਰਿਹਾ ਹਾਂ ਮੁਕਤਸਰ ਜ਼ਿਲ੍ਹੇ ਦੇ ਘੁੱਗ ਵੱਸਦੇ ਪਿੰਡ ਦੋਦਾ ਜੋ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਨਿੱਜੀ ਖੇਤਰ ਹੈ, ਦੀ ਇਸ ਪਿੰਡ ਦੇ ਗਰਭ ਵਿੱਚ ਦੋਦਾ ਤੋਂ 3 ਕੁ ਕਿਲੋਮੀਟਰ ਦੀ ਦੂਰੀ 'ਤੇ ਕੋਠੇ ਗੁਰਗਾਪੁਰੀ ਦੀ ਢਾਣੀ ਧਾਲੀਵਾਲ ਵਿੱਚ ਸਾਧਾਰਨ ਕਿਸਾਨ ਬਲਜੀਤ ਸਿੰਘ ਦੇ ਘਰ ਮਾਤਾ ਸ੍ਰੀਮਤੀ ਮਨਜੀਤ ਕੌਰ ਦੀ ਕੁੱਖੋਂ 25 ਕੁ ਸਾਲ ਪਹਿਲਾਂ ਜਨਮੀ ਹੈ ਗੁਰਪ੍ਰੀਤ ਕੌਰ। ਅੱਜ ਦੀਆਂ ਆਪਣੇ ਆਪ ਨੂੰ ਗਲੈਮਰ ਕਰਾਉਣ ਵਾਲੀਆਂ ਲੜਕੀਆਂ ਲਈ ਪ੍ਰੇਰਨਾ ਸਰੋਤ ਬਣੀ ਮੁੰਡਿਆਂ ਵਰਗੀ ਕੁੜੀ ਹੈ ਗੁਰਪ੍ਰੀਤ ਦੋਦਾ। ਪਹਿਲੇ ਨਜ਼ਰੇ ਕਿਸੇ ਗੱਭਰੂ ਦਾ ਭੁਲੇਖਾ ਪਾਉਣ ਵਾਲੀ ਗੁਰਪ੍ਰੀਤ ਨੇ ਕਦੇ ਵੀ ਲੜਕੀਆਂ ਦਾ ਪਹਿਰਾਵਾ ਨਹੀਂ ਪਹਿਨਿਆ। ਉਸ ਨੇ ਕਮੀਜ਼ ਸਲਵਾਰ ਦੀ ਥਾਂ ਕੁੜਤਾ ਪਜ਼ਾਮਾ ਜਾਂ ਪੈਂਟ ਸ਼ਰਟ ਉੱਚੀ ਹੀਲ ਵਾਲੇ ਸੈਂਡਲ ਦੀ ਥਾਂ ਜੁੱਤੀ ਪਾਈ, ਗੁੱਤ ਕਰਨ ਦੀ ਬਜਾਏ ਸਿਰ ਉੱਪਰ ਜੂੜਾ ਕਰਕੇ ਚੁੰਨੀ ਦੀ ਥਾਣੇ ਮੁੰਡਿਆਂ ਵਾਂਗ ਦਸਤਾਰ ਦਾ ਸਾਫਾ ਬੰਨ੍ਹਿਆ। ਜਦ ਬਾਕਸਰ ਮੋਟਰਸਾਈਕਲ ਉੱਪਰ ਬੈਠੀ ਆਪਣੇ ਪਿੰਡ ਜਾਂ ਮੁਕਤਸਰ ਮੰਡੀ ਜਾਂ ਕਿਸੇ ਰਿਸ਼ਤੇਦਾਰ ਵਿੱਚ ਜਾਂਦੀ ਹੈ ਤਾਂ ਕੋਈ ਵੂ ਉਸ ਨੂੰ ਲੜਕੀ ਨਹੀਂ ਸਮਝਦਾ। ਗੁਰਪ੍ਰੀਤ ਦੇ ਪਿੰਡ ਮੇਰੇ ਸਹੁਰੇ ਹੋਣ ਕਰਕੇ ਆਪਣੇ ਸਹੁਰੇ ਪਿੰਡ ਦੀ ਧੀ ਜਿਸਨੇ ਖੇਤੀ ਸੈਕਟਰ ਵਿੱਚ ਧੁੰਮਾਂ ਪਾਈਆਂ ਹਨ, ਬਾਰੇ ਕਈ ਵਾਰ ਲਿਖ ਚੁੱਕਾ ਹਾਂ। ਮੈਂ ਜਦ ਵੀ ਗੁਰਪ੍ਰੀਤ ਦੇ ਘਰ ਜਾਨਾਂ ਤਾਂ ਗੁਰਪ੍ਰੀਤ ਮੇਰੇ ਨਾਲ ਬੇਧੜਕ ਗੱਲਾਂ ਕਰ ਲੈਂਦੀ ਹੈ। ਉਸ ਦਾ ਪਰਿਵਾਰ ਵੀ ਮੈਨੂੰ ਪਿੰਡ ਦਾ ਜਵਾਈ ਹੋਣ ਕਰਕੇ ਬਹੁਤ ਪਿਆਰ ਦਿੰਦਾ ਹੈ।

ਗੁਰਪ੍ਰੀਤ ਦੋਦਾ ਨੇ ਟਰੈਕਟਰ 15 ਸਾਲ ਪਹਿਲਾਂ ਆਪਣੇ ਦਾਦੀ ਜੀ ਤੋਂ ਸਿੱਖਿਆ। ਉਸ ਦੀ ਟਰੈਕਟਰ ਚਲਾਉਣ ਦੀ ਰੁਚੀ ਉਸ ਸਮੇਂ ਪਰਿਵਾਰ ਲਈ ਵਰਦਾਨ ਬਣੀ ਜਦੋਂ ਇੱਕ ਸਮੇਂ ਉਸ ਦੇ ਪਿਤਾ ਬਿਮਾਰੀ ਕਾਰਨ ਮੰਜੇ ਉੱਪਰ ਪੈ ਗਏ। ਭੈਣ ਭਰਾ ਬਹੁਤ ਛੋਟੇ ਹੋਣ ਕਰਕੇ ਪਰਿਵਾਰ ਆਰਥਿਕ ਮੰਦਹਾਲੀ 'ਚੋਂ ਗੁਜ਼ਰਨ ਲੱਗਿਆ ਤਾਂ ਗੁਰਪ੍ਰੀਤ ਨੇ ਪੜ੍ਹਾਈ ਵੀ ਜਾਰੀ ਰੱਖੀ ਅਤੇ ਟਰੈਕਟਰ ਦਾ ਸਟੇਰਿੰਗ ਵੀ ਨਾ ਛੱਡਿਆ। ਨਤੀਜਾ ਇਹ ਨਿਕਲਿਆ ਕਿ ਘਰ ਵਿੱਚ ਖੜ੍ਹਾ ਪੁਰਾਣੇ ਮਾਡਲ ਦੇ ਟਰੈਕਟਰ ਦਾ ਮੂੰਹ ਖੇਤਾਂ ਵੱਲ ਮੋੜ ਲਿਆ। ਗੁਰਪ੍ਰੀਤ ਨੇ ਐਨੀ ਸਖ਼ਤ ਮਿਹਨਤ ਕੀਤੀ ਕਿ ਹਰ ਪਾਸੇ ਲਹਿਰਾਂ-ਬਹਿਰਾਂ ਹੋ ਗਈਆਂ। ਗੁਰਪ੍ਰੀਤ ਸਿੰਘ ਚੁਸਤੀ ਫੁਰਤੀ ਨੇ ਆਪਣੀ ਜ਼ਮੀਨ ਦੇ ਨਾਲ-ਨਾਲ ਠੇਕੇ ਤੇ ਜ਼ਮੀਨ ਲੈ ਕੇ ਖੇਤੀ ਕੀਤੀ। ਗੁਰਪ੍ਰੀਤ ਨੇ ਟਰੈਕਟਰ ਨਾਲ ਬੀਜ-ਬਿਜਾਈ, ਕਰਾਹਾ ਲਾਉਣਾ, ਵੱਟਾਂ ਪਾਉਣੀਆਂ, ਖੇਤਾਂ ਨੂੰ ਪਾਣੀ ਲਾਉਣਾ, ਨਰਮਾ ਸੀਲਣਾ, ਫ਼ਸਲ ਦੀ ਕਟਾਈ-ਚੁਗਾਈ, ਝੋਨੇ ਵਾਲੇ ਵਾਹੁਣ ਨੂੰ ਕੱਦੂਕੱਸ ਕਰਨਾ ਰੇਹਾਂ, ਸਪਰੇਹਾਂ ਕਰਨੀਆਂ/ਫ਼ਸਲ ਨੂੰ ਮੰਡੀ ਵਿੱਚ ਲਿਜਾ ਕੇ ਵੇਚਣੀ। ਚੰਗੇ ਬੀਜਾਂ ਦੀ ਘੋਖ ਪੜਤਾਲ ਕਰਨੀ। ਇਹ ਸਾਰਾ ਕੰਮ ਗੁਰਪ੍ਰੀਤ ਦੇ ਹਿੱਸੇ ਆਇਆ ਹੈ। ਭਾਵੇਂ ਉਸ ਦੇ ਦਾਦੀ ਜੀ ਸਵਰਗਵਾਸ ਹੋ ਗਏ ਹਨ ਪਰ ਦਾਦਾ ਜੀ ਦੀ ਇੱਛਾ ਅਨੁਸਾਰ ਅੱਜ ਗੁਰਪ੍ਰੀਤ ਚਿੱਟੇ ਇਨਕਲਾਬ ਵਿੱਚ ਹਿੱਸਾ ਪਾ ਰਹੀ ਹੈ। ਦੋ ਅਮਰੀਕੀ ਨਸਲ ਦੀਆਂ ਗਊਆਂ ਅਤੇ ਚਾਰ ਸੱਜਰ ਸੁਈਆਂ ਮੱਝਾਂ ਦਾ ਦੁੱਧ ਆਪਣੇ ਹੀ ਪਿੰਡ ਵੇਰਕਾ ਡੇਅਰੀ ਵਿੱਚ ਪਾ ਕੇ ਮੁੰਡਿਆਂ ਦੇ ਮੂਹ ਤੇ ਕਰਾਰੀ ਚਪੇੜ ਮਾਰ ਰਹੀ ਹੈ। ਗੁਰਪ੍ਰੀਤ ਖੇਤੀ ਦੇ ਨਾਲ-ਨਾਲ ਚੁੱਲੇ ਚੌਂਕੇ ਕੱਢਣ ਕੱਤਣ ਦਾ ਕੰਮ ਵੀ ਹੱਥੀਂ-ਪੈਰੀਂ ਲਾ ਲੈਂਦੀ ਹੈ। ਆਪਣੀ ਬੰਜਰ ਜ਼ਮੀਨ ਨੂੰ ਉਪਜਾਊ ਕਰਕੇ ਆਪਣੇ ਘਰ ਦੀਆਂ ਕਬੀਲਦਾਰੀਆਂ ਸਮੇਟ ਲਈਆਂ ਆਪ ਮਾਪਿਆਂ ਦਾ ਕਮਾਊ ਪੁੱਤ ਬਣ ਕੇ ਆਪਣੇ ਬਾਪ ਨੂੰ ਵੀ ਮੰਜੇ 'ਚੋਂ ਉਠਾਇਆ। ਉਸ ਦਾ ਭਰਾ ਹੁਣ ਆਈਲੈਟਸ ਦੀ ਤਿਆਰੀ ਕਰ ਰਿਹਾ ਹੈ। ਸ਼ਾਇਦ ਵਿਦੇਸ਼ਾਂ ਵਿੱਚ ਪ੍ਰਵਾਜ਼ ਭਰ ਸਕੇ। ਆਪਣੀ ਛੋਟੀ ਭੈਣ ਨੂੰ ਪੜ੍ਹਾ ਰਹੀ ਹੈ ਆਪ ਬੀ.ਏ. ਫਾਈਨਲ ਕਰ ਚੁੱਕੀ ਹੈ। ਭਾਵੇਂ ਕਿ ਗੁਰਪ੍ਰੀਤ ਦਾ ਪਿੰਡ ਵਿੱਚੋਂ ਮੁੰਡਿਆਂ ਵਾਂਗ ਪਹਿਰਾਵੇ ਪਾਉਣ ਤੇ ਵਿਰੋਧ ਵੀ ਹੁੰਦਾ ਹੈ ਪਰ ਉਹ ਕਿਸੇ ਦੀ ਪ੍ਰਵਾਹ ਨਹੀਂ ਕਰਦੀ। ਗੁਰਪ੍ਰੀਤ ਕਹਿੰਦੀ ਹੈ ਕਿ ਟੈਰਕਟਰ ਤਾਂ ਕੀ ਜੇਕਰ ਜਹਾਜ਼ ਬਾਰੇ ਵੀ ਜਾਣਕਾਰੀ ਮਿਲ ਜਾਵੇ ਜਹਾਜ਼ ਵੀ ਅੰਬਰੀਂ ਉਡਾ ਸਕਦੀ ਹਾਂ। ਉਸ ਦੀ ਦਿਲੀ ਇੱਛਾਂ ਹਾਂ ਕਿ ਜੇਕਰ ਉਸ ਨੂੰ ਸਰਕਾਰ ਖੇਤੀ ਵਿਭਾਗ ਵਿੱਚ ਨੌਕਰੀ ਦੇ ਦੇਵੇ ਤਾਂ ਉਹ ਖੇਤੀ ਲਈ ਚੰਗੇ ਬੀਜ, ਚਿੱਟੇ, ਇਨਕਲਾਬ ਵਿੱਚ ਅਹਿਮ ਰੋਲ ਅਦਾ ਕਰ ਸਕਦੀ ਹੈ ਪਰ ਅਫ਼ਸੋਸ ਪੰਜਾਬ 'ਚ ਅੱਜ ਨੌਕਰੀਆਂ ਦੀ ਬੋਲੀ ਲੱਗਦੀ ਹੈ ਮੇਰੇ ਕੋਲ ਐਨਾ ਪੈਸਾ ਨਹੀਂ ਨੌਕਰੀ ਖਰੀਦਣ ਲਈ ਪਰ ਫੇਰ ਵੀ 'ਪੁੱਤ ਬਣ ਕੇ ਕਮਾਊ ਘਰ ਤੇਰੇ ਬਾਬਾਲ, ਐਵੇਂ ਦਿਲ ਨਾ ਡਲਾਵੀ' ਕਹਿ ਕੇ ਮਾਪਿਆਂ ਦਾ ਸ਼ੇਕਰ ਪੁੱਤ ਬਣ ਵਿਆਹ ਬਾਰੇ ਅਜੇ ਕੋਈ ਫ਼ੈਸਲਾ ਨਾ ਕਰਕੇ ਆਪਣੇ ਭੈਣ-ਭਰਾ ਪਰਿਵਾਰ ਨੂੰ ਖੁਸ਼ ਦੇਖਣਾ ਲੋਚਦੀ ਹੈ।



---

ਪਹਿਲਵਾਨੀ ਦੇ ਖੇਤਰ ਵਿਚ ਦਰੋਣਾਚਾਰੀਆ ਦਰਵੇਸ਼ ਪਹਿਲਵਾਨ ਸਿਕੰਦਰ ਸਿੰਘ ਆਲਮਗੀਰ, ਰਾਮ ਕਿਸ਼ਨ ਆਲਮਗੀਰ ਆਦਿ ਨੇ ਸਿਕੰਦਰ ਕੁਸ਼ਤੀ ਅਖਾੜਾ ਆਲਮਗੀਰ ਵਿਚ ਵਿਸ਼ੇਸ਼ ਕੋਚਿੰਗ ਦੇ ਕੇ ਅਨੇਕਾਂ ਅਰਜਨਾਂ ਐਵਾਰਡੀ ਹਿੰਦ ਕੇਸਰੀ, ਭਾਰਤ ਮੱਲ ਸਮਰਾਟ ਆਦਿ ਅਨੇਕਾਂ ਪਹਿਲਵਾਨ ਪੈਦਾ ਕੀਤੇ ਹਨ। ਇਸ ਲੜੀ ਵਿਚ ਇਕ ਹੋਰ ਪਹਿਲਵਾਨ ਸਤੀਸ਼ ਆਲਮਗੀਰ ਜਿਹੜਾ ਕਿ ਪਿਛਲੇ 14-

### ਗੋਲਡ ਮੈਡਲਿਸਟ ਪਹਿਲਵਾਨ

# ਸਤੀਸ਼ ਆਲਮਗੀਰ

15 ਸਾਲਾਂ ਤੋਂ ਆਲਮਗੀਰ ਅਖਾੜਾ ਵਿੱਚ ਰਹਿ ਕੇ ਵਿਸ਼ੇਸ਼ ਸਿਖਲਾਈ ਪ੍ਰਾਪਤ ਕਰਕੇ ਆਪਣੀ ਕਲਾ ਵਿੱਚ ਆਏ ਦਿਨ ਵਾਧਾ ਕਰ ਰਿਹਾ ਹੈ।

ਪਹਿਲਵਾਨ ਸ਼ਤੀਸ਼ ਆਲਮਗੀਰ ਦਾ ਜਨਮ ਪਿਡ ਰਟੋਲੀ ਜ਼ਿਲ੍ਹਾ ਰੋਹਤਕ (ਹਰਿਆਣਾ) ਵਿਖੇ ਪਿਤਾ ਰਾਮ ਪਾਲ ਸਿੰਘ ਦੇ ਘਰ ਮਾਤਾ ਕਿਤਾਬ ਕੌਰ ਦੇ ਕੁੱਖੋਂ ਹੋਇਆ। ਸਤੀਸ਼ ਨੂੰ ਪਹਿਲਵਾਨੀ ਦਾ ਸ਼ੌਕ ਬਚਪਨ ਤੋਂ ਹੀ ਸੀ ਕਿਉਂਕਿ ਇਨ੍ਹਾਂ ਦੇ ਵੱਡੇ ਭਰਾ ਬਲਜੀਤ ਸਿੰਘ ਇੱਕ ਉੱਚ ਕੋਟੀ ਦੇ ਪਹਿਲਵਾਨ ਹਨ ਅਤੇ ਪਹਿਲਵਾਨੀ ਦੇ ਬਦੌਲਤ ਅੱਜ ਬਲਜੀਤ ਪੰਜਾਬ ਪੁਲਿਸ ਵਿਚ ਇੰਸਪੈਕਟਰ ਵਜੋਂ ਸੇਵਾ ਨਿਭਾਅ ਰਹੇ ਹਨ। ਸਤੀਸ਼ ਇਸ ਖੇਤਰ ਵਿਚ ਰੈਸਲਿੰਗ ਅਕੈਡਮੀ ਮੰਡੌੜ ਦੇ ਮੁੱਖ ਪ੍ਰਬੰਧਕ ਹਰਮੇਲ ਸਿੰਘ ਕਾਲਾ ਦਾ ਬਹੁਤ ਸਹਿਯੋਗਮੰਦ ਹੈ। ਸਤੀਸ਼ ਆਲਮਗੀਰ ਹੁਣ ਤੱਕ 2 ਵਾਰ ਨੈਸ਼ਨਲ ਦਾ ਗੋਲਡ ਮੈਡਲਿਸਟ ਜੇਤੂ ਰਹਿ ਚੁੱਕਾ ਹੈ। ਇਨ੍ਹਾਂ ਨੇ ਹੁਣ ਤੱਕ ਵੱਖ-ਵੱਖ ਕੁਸ਼ਤੀਆਂ ਦਰਮਿਆਨ ਵੱਡੇ ਪਹਿਲਵਾਨਾਂ ਨੂੰ ਹਰਾ ਕੇ 12 ਕਰੀਬ ਮੋਟਰਸਾਈਕਲ ਅਤੇ ਕਈ ਮੱਝਾਂ (ਝੋਟੀਆਂ) ਅਤੇ ਮੁੰਦੀਆਂ ਜਿੱਤ ਚੁੱਕਾ ਹੈ। ਸਤੀਸ਼ ਆਲਮਗੀਰ ਨੇ ਖਲੀਲਾਵਾਦ (ਯੂ.ਪੀ.) ਵਿਖੇ ਫਸਮੀ ਟੱਕਰ ਦੌਰਾਨ ਦਿੱਲੀ ਦੇ ਪ੍ਰਸਿੱਧ ਪਹਿਲਵਾਨ ਨੂੰ ਹਰਾ ਕੇ ਗੋਲਡ ਮੈਜਲ ਪੰਜਾਬ ਦੇ ਝੋਲੀ ਪਾਇਆ ਅਤੇ ਦੂਜਾ ਗੋਲਡ ਮੈਡਲ ਇਤਿਹਾਸਕ ਨਗਰੀ ਆਲਮਗੀਰ ਦੇ ਭਾਈ ਨਿਗਾਹੀਆਂ ਸਿੰਘ ਕਾਲਜ ਵਿਚ ਹੋਏ ਹਿੰਦ ਕੇਸਰੀ ਦੰਗਲ ਦੌਰਾਨ ਜਿੱਤਿਆ। ਇਨ੍ਹਾਂ ਨੇ ਬਾਰਵੀਂ ਤੱਕ ਦੀ ਪੜ੍ਹਾਈ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਡੇਹਲੋਂ ਤੋਂ ਪ੍ਰਾਪਤ ਕੀਤੀ। ਸਤੀਸ਼ ਨੇ ਹੁਣ ਤੱਕ ਵੱਖ-ਵੱਖ ਮੁਕਾਬਲਿਆਂ ਵਿੱਚ ਪਿੰਡ ਗੁਜਰਵਾਲ ਵਿਖੇ ਗੋਲੂ ਮੁੱਲਾਂਪੁਰ, ਪਿੰਡ ਉਪਲ ਜਗੀਰ ਵਿਖੇ ਬਿੰਦਾ ਪਹਿਲਵਾਨ ਨੂੰ, ਪਿੰਡ ਦੂਲੇ ਵਿਖੇ ਸੋਮਵੀਰ ਨੂੰ, ਪਿੰਡ ਬਿਦਰੱਖ ਵਿਖੇ ਕਮਲ ਡੂਮਛੇੜੀ ਨੂੰ, ਬਿਆਨ ਵਿਖੇ ਸ਼ਮੀ ਫਗਵਾੜਾ ਨੂੰ ਹਰਾ ਕੇ ਹੀਰੋ ਹਾਂਡਾ ਜਿੱਤਿਆ ਫਿਲੌਰ ਵਿਖੇ ਸਰਵਰ ਮੋਹਾਲੀ ਨੂੰ ਪੋਆਇੰਟਾਂ ਦੇ ਆਧਾਰ 'ਤੇ ਹਰਾ ਕੇ ਮੋਟਰਸਾਈਕਲ ਤੇ ਕਬਜ਼ਾ ਕੀਤਾ। ਪਿੰਡ ਚੱਕ ਮੁਜਾਰਾ ਵਿਖੇ ਸੋਨੂੰ ਦਿੱਲੀ ਨੂੰ ਹਰਾ ਕੇ ਖਿਤਾਬੀ ਜਿੱਤ ਪ੍ਰਾਪਤ ਕੀਤੀ। ਸਤੀਸ਼ ਆਲਮਗੀਰ ਦਾ ਸੁਪਨਾ ਹੈ ਕਿ ਉਲੰਪਿਕ ਖੇਡਾਂ ਵਿੱਚ ਭਾਗ ਲੈ ਕੇ ਗੋਲਡ ਮੈਡਲ ਜਿੱਤ ਕੇ ਸਿਕੰਦਰ ਅਖਾੜਾ ਆਲਮਗੀਰ ਦਾ ਨਾਂਅ ਰੌਸ਼ਨ ਕਰੇ, ਸਤੀਸ਼ ਨੇ ਅਜੋਕੀ ਸਰਕਾਰ ਤੇ ਗਿਲਾ ਜ਼ਾਹਿਰ

**ਰੁਪਿੰਦਰ ਸਿੰਘ ਰਛੀਨ/ਸੁਖਜੀਤ ਸਿੰਘ**

ਕਰਦਿਆਂ ਕਿਹਾ ਕਿ ਅੱਜ ਸਾਡੀ ਸਰਕਾਰ ਪੰਜਾਬੀਆਂ ਦੀ ਮਾਂ ਖੇਡੀ ਕੁਸ਼ਤੀ ਨੂੰ ਵਿਸਾਰ ਕੇ ਹੋਰ ਖੇਡਾਂ ਨੂੰ ਪ੍ਰਮੋਟ ਕਰ ਰਹੀ ਹੈ। ਕੁਸ਼ਤੀ ਦੇ ਖੇਤਰ ਵਿਚ ਅਨੇਕਾਂ ਹੀ ਪਹਿਲਵਾਨ ਹਨ ਜੋ ਆਪਣੇ ਜ਼ੋਰ ਜਰੀਏ, ਤਕਨੀਕ ਜ਼ਰੀਏ ਉਲੰਪਿਕ ਵਿੱਚੋਂ ਮੈਡਲ ਲਿਆ ਕਿ ਭਾਰਤ ਦੀ ਝੋਲੀ ਪਾ ਸਕਦੇ ਹਨ। ਬੱਸ ਲੋੜ ਹੈ ਸਰਕਾਰ ਵੱਲੋਂ ਇੱਕ ਕੋਸ਼ਿਸ਼ ਦੀ ਜੇਕਰ ਸਾਡੀ ਸਰਕਾਰ ਹੋਰਨਾਂ ਖੇਡਾਂ ਦੀ ਤਰ੍ਹਾਂ ਕੁਸ਼ਤੀਆਂ ਦੀ ਪ੍ਰਮੋਸ਼ਨ ਕਰੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਕੁਸ਼ਤੀਆਂ ਦੀ ਬਦੌਲਤ ਅਨੇਕਾਂ ਮੈਡਲ ਭਾਰਤ ਦੀ ਝੋਲੀ ਵਿੱਚ ਆ ਜਾਣਗੇ।



---



### ਵਿੱਦਿਆ ਖੇਡਾਂ 'ਤੇ ਸੱਭਿਆਚਾਰਕ ਗਤੀਵਿਧੀਆਂ 'ਚ ਮੋਹਰੀ

# ਮਨਪ੍ਰੀਤ ਕੌਰ

**ਕਰਨੈਲ ਸਿੰਘ ਐਮ.ਏ.**

ਪੰਜਾਬ ਵਿੱਚ ਕੁੜੀਆਂ ਦੀ ਗਿਣਤੀ ਬੇਸ਼ੱਕ ਮੁੰਡਿਆਂ ਦੇ ਮੁਕਾਬਲੇ ਘੱਟ ਹੈ ਪਰ ਕੁੜੀਆਂ ਵਿੱਦਿਆ ਦੇ ਖੇਤਰ ਵਿੱਚ ਤਾਂ ਮੁੰਡਿਆਂ ਨਾਲੋਂ ਅੱਗੇ ਹਨ ਹੀ ਇਸ ਦੇ ਨਾਲ-ਨਾਲ ਹੋਰ ਖੇਤਰਾਂ ਵਿੱਚ ਵੀ ਮੱਲਾਂ ਮਾਰ ਰਹੀਆਂ ਹਨ। ਇਸ ਦੀ ਮਿਸਾਲ (ਉਦਾਹਰਣ) ਹੈ, ਬੀ.ਸੀ.ਐਮ. ਕਾਲਜ ਆਫ਼ ਐਜੂਕੇਸ਼ਨ ਸੈਕਟਰ 32, ਚੰਡੀਗੜ੍ਹ ਰੋਡ ਲੁਧਿਆਣਾ ਦੀ ਬੀ.ਐਡ ਦੀ ਵਿਦਿਆਰਥਣ ਮਨਪ੍ਰੀਤ ਕੌਰ। ਮਨਪ੍ਰੀਤ ਕੌਰ ਦੈ ਜਨਮ 18 ਅਪ੍ਰੈਲ 1988 ਈ. ਨੂੰ ਪਿਤਾ ਸ. ਦਲਜੀਤ ਸਿੰਘ ਦੇ ਘਰ ਮਾਤਾ ਸੁਰਿੰਦਰ ਕੌਰ ਦੀ ਕੁੱਖ ਤੋਂ ਲੁਧਿਆਣਾ ਵਿੱਚ ਹੋਇਆ। ਮਨਪ੍ਰੀਤ ਨੇ ਦੱਸਿਆ ਕਿ ਉਸ ਨੇ ਸਕੂਲ ਵਿੱਚ ਪੜ੍ਹਦਿਆਂ ਹੀ ਖੇਡਾਂ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ। ਉਸ ਨੇ ਸੇਂਟ ਥਾਮਸ ਸਕੂਲ ਪਠਾਨਕੋਟ 'ਚ ਅੱਠਵੀਂ ਜਮਾਤ ਵਿੱਚੋਂ 86% ਅੰਕ ਪ੍ਰਾਪਤ ਕੀਤੇ। ਇੱਥੇ ਹੋਈਆਂ ਖੇਡਾਂ ਵਿੱਚ ਖੋ-ਖੋ ਟੀਮ ਦੀ ਕੈਪਟਨ ਸੀ। ਟੀਮ ਨੇ ਪਹਿਲਾ ਇਨਾਮ ਜਿੱਤਿਆ। 100 ਮੀਟਰ ਦੌੜ ਦੇ ਮੁਕਾਬਲੇ ਵਿੱਚ ਵੀ ਮਨਪ੍ਰੀਤ ਨੇ ਪਹਿਲਾ ਇਨਾਮ ਪ੍ਰਾਪਤ ਕੀਤਾ। ਨਿਊ ਇਰਾਜ਼ ਸੀਨੀਅਰ ਸੈਕੰਡਰੀ ਸਕੂਲ ਡੁਗਰੀ ਲੁਧਿਆਣਾ ਤੋਂ ਦਸਵੀਂ 71% ਅੰਕ ਪ੍ਰਾਪਤ ਕਰਕੇ ਪਾਸ ਕੀਤੀ। ਇੱਥੇ ਇੰਟਰ ਸਕੂਲ ਹੋਈਆਂ ਖੇਡਾਂ ਵਿੱਚ 100 ਮੀਟਰ ਦੌੜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਐਸ.ਸੀ.ਡੀ. ਗੌਰਮਿੰਟ ਕਾਲਜ ਸਿਵਲ ਲਾਈਨ ਲੁਧਿਆਣਾ ਵਿੱਚ ਬੀ.ਐਸ.ਸੀ. 62% ਅੰਕ ਪ੍ਰਾਪਤ ਕਰਕੇ ਪਾਸ ਕੀਤੀ। ਮਨਪ੍ਰੀਤ ਨੇ ਸਾਲ 2009 ਵਿੱਚ ਬੀ.ਸੀ.ਐਮ. ਕਾਲਜ ਆਫ਼ ਐਜੂਕੇਸ਼ਨ ਵਿੱਚ ਹੋਏ ਯੂਥ ਫੈਸਟੀਵਲ ਵਿੱਚ ਭਾਗ ਲਿਆ ਤੇ ਗਿੱਧੇ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ। 28 ਜਨਵਰੀ, 2010 ਨੂੰ ਬੈਡਮਿੰਟਨ, ਟੇਬਲ ਟੈਨਿਸ ਤੇ ਖੋ-ਖੋ ਮੁਕਾਬਲਿਆਂ 'ਚ ਭਾਗ ਲੈ ਚੁੱਕੀ ਹੈ। 12 ਅਪ੍ਰੈਲ ਨੂੰ ਗੁਰੂ ਨਾਨਕ ਸਟੇਡੀਅਮ ਲੁਧਿਆਣਾ 'ਚ ਪਹਿਲੇ ਵਿਸ਼ਵ ਕਬੱਡੀ ਕੱਪ 2010 ਦੇ ਸਥਾਪਤੀ ਸਮਾਰੋਹ ਸਮੇਂ ਵੀ ਗਿੱਧੇ ਦੀ ਟੀਮ ਵਿੱਚ ਭਾਗ ਲਿਆ। ਮਨਪ੍ਰੀਤ ਨੂੰ ਜਦੋਂ ਪੁੱਛਿਆ ਕਿ ਪੜ੍ਹਾਈ ਵਿੱਚ ਵਧੀਆ ਅੰਕ ਪ੍ਰਾਪਤ ਕਰਨ ਲਈ ਟਿਊਸ਼ਨ ਰੱਖ ਕੇ ਪੜ੍ਹਾਈ ਕਰਦੀ ਹੈ ਤਾਂ ਉਸ ਨੇ ਦੱਸਿਆ ਕਿ ਮੈਂ 10+2 'ਚ ਟਿਊਸ਼ਨ ਰੱਖ ਕੇ ਪੜ੍ਹੀ ਸੀ ਪਰ ਉਸ ਤਰ੍ਹਾਂ ਮੈਨੂੰ ਟਿਊਸ਼ਨ ਰੱਖਣ ਦਾ ਸ਼ੌਕ ਨਹੀਂ ਹੈ। ਘਰ ਵਿੱਚ ਜੋ ਵੀ ਹੈ, ਉਹ ਮੇਰਾ ਹੈ, ਉਹ ਮੈਂ ਕਿਸੇ ਨੂੰ ਦੇਣਾ ਪਸੰਦ ਨਹੀਂ ਕਰਦੀ। ਉਸ ਨੇ ਦੱਸਿਆ ਮੈਨੂੰ ਪੰਜਾਬੀ ਗੀਤ ਸੁਣਨ ਦਾ ਬਹੁਤ ਸ਼ੌਕ ਹਾ, ਪਰ ਨਾ ਹੀ ਮੈਂ ਟੀ.ਵੀ. ਦੇਖਣਾ ਪਸੰਦ ਕਰਦੀ ਹਾਂ ਤੇ ਨਾ ਹੀ ਮੈਨੂੰ ਨਾਵਲ, ਕਹਾਣੀਆਂ ਪੜ੍ਹਨੀਆਂ ਪਸੰਦ ਹਨ। ਮੈਂ ਦਸਵੀਂ ਤੋਂ ਲੈ ਕੇ ਬੀ.ਐਸ.ਸੀ. ਦੇ ਵਿਦਿਆਰਥੀਆਂ ਨੂੰ ਟਿਊਸ਼ਨ ਪੜ੍ਹਾ ਰਹੀ ਹਾਂ/ਪੜ੍ਹਾ ਲੈਂਦੀ ਹਾਂ। ਕਾਲਜ ਦੇ ਪ੍ਰਿੰਸੀਪਲ ਡਾ: ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੂੰ ਅਜਿਹੀਆਂ ਵਿਦਿਆਰਥਣਾਂ ਉੱਤੇ ਮਾਣ ਹੈ ਜਿਹੜੀਆਂ ਪੜ੍ਹਾਈ ਤੇ ਖੇਡਾਂ ਵਿੱਚ ਮੋਹਰ ਰਹਿਣ ਦੇ ਨਾਲ-ਨਾਲ ਪੰਜਾਬ ਦੇ ਸੱਭਿਆਚਾਰ ਨਾਲ ਵੀ ਜੁੜੀਆਂ ਹੋਈਆਂ ਹਨ ਤੇ ਨਾਮਣਾ ਖੱਟ ਰਹੀਆਂ ਹਨ ਅਤੇ ਦੇਸ਼, ਪੰਜਾਬ, ਕਾਲਜ ਤੇ ਆਪਣੇ ਮਾਂ-ਬਾਪ ਦਾ ਨਾਂ ਰੌਸ਼ਨ ਕਰ ਰਹੀਆਂ ਹਨ।

---

### ਫੋਟੋਗ੍ਰਾਫੀ ਤੋਂ ਫ਼ਿਲਮ ਨਗਰੀ 'ਚ ਸਥਾਪਿਤ ਹੋਣ ਵਾਲਾ

# ਭੋਲਾ ਸਟੂਡੀਓ ਬੋਹਾ ਵਾਲਾ

**ਦਵਿੰਦਰ ਸਿੰਘ ਕੋਹਲੀ**

ਇਸ ਰੰਗੀਲੀ ਦੁਨੀਆਂ ਵਿੱਚ ਕੁਝ ਲੋਕ ਐਸੈ ਵੀ ਜਨਮ ਲੈ ਲੈਂਦੇ ਨੇ ਜਿਨ੍ਹਾਂ ਕੋਲ ਇਸ ਜੀਵਨ ਰੂਪੀ ਗੱਡੀ ਨੂੰ ਅੱਗੇ ਤੋਰਨ ਲਈ ਕੁਝ ਵੀ ਨਹੀਂ ਹੁੰਦਾ ਪਰ ਪਰਮਾਤਮਾ ਦੀ ਰਹਿਮਤ ਅਤੇ ਕੁਦਰਤ ਦੀ ਮਿਹਰ ਅਤੇ ਆਪਣੇ ਸਿਰੜ ਸਦਕਾ ਉਹ ਲੋਕ ਐਸੀਆਂ ਬੁਲੰਦੀਆਂ ਛੋਅ ਜਾਂਦੇ ਨੇ ਜੋ ਉਹਨਾਂ ਦੇ ਜ਼ਮੀਨ ਤੋਂ ਸ਼ੁਰੂ ਹੋਏ ਸਫ਼ਰ ਨੂੰ ਆਕਾਸ਼ ਤੱਕ ਚਮਕਾ ਜਾਂਦਾ ਹੈ ਭਾਵੇਂ ਕੁਦਰਤ ਕਈ ਮਨੁੱਖਾਂ ਨੂੰ ਅਤਿ ਗਰੀਬ ਘਰ ਵਿੱਚ ਸਿੰਜਦਾ ਕਰ ਦਿੱਤੀ ਹੈ ਪਰ ਜੋ ਅਦਾਕਾਰੀ ਅਤੇ ਕਲਾਕਾਰੀ ਗਰੀਬ ਘਰਾਂ 'ਚ ਰਹਿਣ ਵਾਲੇ ਲੋਕਾਂ ਦੇ ਹਿੱਸੇ ਆਈ ਸ਼ਾਇਦ ਉਹ ਹਰ ਇੱਕ ਸੁੱਖ ਸਾਧਨ ਪ੍ਰਾਪਤ ਮਨੁੱਖ ਨੂੰ ਨਹੀਂ ਮਿਲੀ ਐਸੀ ਹੀ ਇੱਕ ਇਨਸਾਨ ਨੇੜਲੇ ਪਿੰਡ ਹਾਕਮਵਾਲਾ ਦੇ ਗਰੀਬ ਪਰਿਵਾਰ ਨਾਲ ਸੰਬੰਧਿਤ ਕਰਨੈਲ ਸਿੰਘ ਦੇ ਘਰ ਮਾਤਾ ਨੰਦ ਕੌਰ ਦੀ ਕੁੱਖੋਂ 16 ਜੂਨ 1975 'ਚ ਜਨਮੇ ਭੋਲਾ ਸਿੰਘ ਦੇ ਹਿੱਸੇ ਆਈ ਅਤਿ ਦੀ ਗਰੀਬੀ ਤੇ ਦਲਿਤ ਪਰਿਵਾਰ ਨਾਲ ਸੰਬੰਧਿਤ ਇਹ ਨੌਜਵਾਨ ਘਰ ਦੀ ਗਰੀਬੀ ਕਾਰਨ ਪੜ੍ਹਾਈ ਤਾਂ ਨਾ ਕਰ ਸਕਿਆ ਪਰ ਉਸ ਨੇ ਇਮਾਨਦਾਰੀ ਤੇ ਸਿਰੜਤਾ ਨਾਲ ਨੇੜਲੇ ਕਸਬਾ ਬੋਹਾ ਵਿਖੇ ਫੋਟੋਗ੍ਰਾਫੀ ਦਾ ਕੰਮ ਸਿੱਖਿਆ ਅਤੇ 1990 ਵਿੱਚ ਆਪਣਾ ਫੋਟੋ ਸਟੂਡੀਓ ਖੋਲ੍ਹਿਆ ਇਸ ਸਟੂਡੀਓ ਜ਼ਰੀਏ ਭੋਲੇ ਨੇ ਦਿਨ ਰਾਤ ਮਿਹਨਤ ਕੀਤੀ ਅਤੇ ਪਰਿਵਾਰ ਦਾ ਚੰਗਾ ਬਣਿਆ ਬੇਸ਼ਕ ਇਸ ਕਸਬੇ ਵਿੱਚ ਅਨੇਕਾਂ ਹੋਰ ਸਟੂਡੀਓ ਵੀ ਸਨ ਪਰ ਜੋ ਪਛਾਣ ਭੋਲੇ ਦੀ ਇਸ ਖੇਤਰ ਵਿੱਚ ਸੀ ਉਹ ਹੋਰ ਕੋਈ ਨਾ ਬਣਾ ਸਕਿਆ ਹਰ ਇੱਕ ਵੀਡੀਓਗ੍ਰਾਫੀ ਦੇ ਕੰਮ ਵਿੱਚ ਮਾਹਿਰ ਹੋ ਚੁੱਕੇ ਭੋਲੇ ਸਟੂਡੀਓ ਦਾ 2003 ਵਿੱਚ ਸੰਪਰਕ ਪੰਜਾਬੀ ਲੋਕ ਗਾਇਕ ਦੇਵ ਝੁਨੀਰ ਨਾਲ ਹੋਇਆ ਤਾਂ ਉਸ ਨੇ ਭੋਲੇ ਦੀ ਕਾਬਲੀਅਤ ਨੂੰ ਪਛਾਣਦਿਆਂ ਇਸ ਵੀਡੀਓ ਫਿਲਮਾਂਕਣ ਲਈ ਪ੍ਰੇਰਿਆ ਤਾਂ ਭੋਲੇ ਨੇ ਦੇਵ ਦੀ ਦਿੱਤੀ ਨਸੀਅਤ ਮੁਤਾਬਿਕ ਵੀਡੀਓ ਫਿਲਮਾਂਕਣ ਦੇ ਬਾਬਾ ਬੋਹੜ ਅਸ਼ਵਨੀ ਕੁਮਾਰ ਬਠਿੰਡਾ ਨੂੰ ਆਪਣਾ ਗੁਰੂ ਧਾਰਨ ਕਰਕੇ ਉਸ ਤੋਂ ਵੀਡੀਓ ਫਿਲਮਾਂਕਣ ਦੇ ਗੁਰ ਸਿੱਖੇ ਤੇ ਦੇਵ ਝੁਨੀਰ, ਹਾਕਮ ਬਖਤੜੀ ਵਾਲਾ, ਰਾਜਾ ਸਿੱਧੂ, ਬਿੱਕਰ ਬਾਗੜੀਆ, ਅਰਸ਼ਦੀਪ ਝੋਟੀਆਂ, ਬੀਬਾ ਕਮਲ ਨੂਰ ਆਦਿ ਗਾਇਕਾਂ ਨੇ 13 ਵੀਡੀਓ ਪ੍ਰੋਜੈਕਟ ਅਤੇ ਅੱਧੀ ਦਰਜਨ ਟੈਲੀਫਿਲਮਾਂ ਦੇ ਵੀਡੀਓ ਬਣਾਏ ਇਨ੍ਹਾਂ ਪ੍ਰੋਜੈਕਟਾਂ ਵਿੱਚ ਭੋਲੇ ਦੀ ਕੀਤੀ ਮਿਹਨਤ ਨੇ ਚੰਗੇ ਫ਼ਿਲਮ ਡਾਇਰੈਕਟਰਾਂ ਦਾ ਧਿਆਨ ਖਿੱਚਿਆ ਤੇ ਭੋਲਾ ਇੱਕ ਛੋਟੇ ਜਿਹੇ ਫੋਟੋ ਸਟੂਡੀਓ ਤੋਂ ਫ਼ਿਲਮ ਜਗਤ ਵਿੱਚ ਸਥਾਪਤੀ ਲਈ ਤੇਜ਼ੀ ਨਾਲ ਅੱਗ ਵੱਧਣ ਲੱਗਾ ਆਪਣੀ ਇਸ ਕਾਮਯਾਬੀ ਲਈ ਭੋਲਾ ਆਪਣੀ ਧਰਮ ਪਤਨੀ ਅਤੇ ਆਪਣੇ ਮਾਤਾ-ਪਿਤਾ ਦਾ ਸਭ ਤੋਂ ਵੱਧ ਸਹਿਯੋਗ ਮੰਨਦਾ ਹੈ ਜਿਨ੍ਹਾਂ ਆਪਣ ਪੂਰੀ ਦੀ ਥਾਂ ਅੱਧੀ ਰੋਟੀ ਤੇ ਸਾਰਿਆਂ ਪਰ ਆਪਣੇ ਪੁੱਤਰ ਦੀ ਕਾਮਯਾਬੀ ਲਈ ਹਰ ਇੱਕ ਹੀਲਾ ਵਸੀਲਾ ਵਰਤਿਆ। ਭੋਲੇ ਦਾ ਕਹਿਣਾ ਹੈ ਕਿ ਮੈਂ ਆਪਣਾ ਹਰ ਇੱਕ ਕੰਮ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਨ ਉਪਰੰਤ ਸ਼ੁਰੂ ਕਰਦਾ ਹਾਂ ਇਸ ਕਾਰਨ ਮੈਨੂੰ ਹਰ ਇੱਕ ਕੰਮ ਵਿੱਚ ਸਫ਼ਲਤਾ ਹਾਸਲ ਹੋਈ ਹੈ।



---

### ਗਾਇਕ ਤੇ ਗੀਤਕਾਰ

# ਹਰਵਿੰਦਰ ਸਿੱਧੂ

**ਸਰਬਜੀਤ ਧੀਰ**

ਆਮ ਤੌਰ 'ਤੇ ਲੋਕ ਬਠਿੰਡਾ ਦੇ ਇਲਾਕੇ ਨੂੰ ਪੱਛੜਿਆ ਹੋਇਆ ਅਤੇ ਰੇਤਲੇ ਟਿੱਬਿਆਂ ਵਾਲਾ ਇਲਾਕਾ ਹੀ ਆਖੀ ਜਾਂਦੇ ਹਨ। ਜਦੋਂ ਕਿਸੇ ਬੰਦ ਨੂੰ ਉਜੱਡ ਕਹਿਣਾ ਹੋਵੇ ਤਾਂ ਮਜ਼ਾਕ ਵਿੱਚ ਕਈ ਵਾਰੀ ਉਸਨੂੰ ਬਠਿੰਡੇ ਵਾਲਾ ਜਾਂ 'ਬਾਈ' ਵੀ ਕਹਿ ਦਿੰਦੇ ਹਨ ਪਰ ਇਹ ਵੀ ਸੱਚ ਹੈ ਕਿ ਇਹ ਇਲਾਕਾ ਯਾਰੀਆਂ ਨਿਭਾਉਣ ਵਾਲੇ ਯੋਧਿਆਂ ਦੇ ਕਿੱਸਿਆਂ ਕਰਕੇ ਵੀ ਜਾਣਿਆ ਜਾਂਦਾ ਹੈ। ਜਿਨ੍ਹਾਂ ਦਾ ਲੋਕ ਗਾਥਾਵਾਂ ਦੇ ਰੂਪ ਵਿਚ ਵ ਰ ਨ ਣ ਮਿਲਦਾ ਹੈ। ਉੱਥੇ ਇਸ ਖੇਤ ਨੂੰ ਇਹ ਮਾਣ ਵੀ ਹਾਸਲ ਹੈ ਕਿ ਇੱਥੇ ਕਲਾ, ਸੰਗੀਤ ਅਤੇ ਸਾਹਿਤ ਦੀਆਂ ਨਾਮੀ ਹਸਤੀਆਂ ਵੀ ਪੈਦਾ ਹੋਈਆਂ ਹਨ। ਪੰਜਾਬੀ ਗਾਇਕੀ ਵਿਚ ਕੁਲਦੀਪ ਮਾਣਕ, ਗੀਤਕਾਰ ਵਿਚ ਦੇਵ ਥਰੀਕੇ ਵਾਲਾ, ਨਾਟਕਕਾਰ ਅਤੇ ਵਾਰਤਾਕਾਰ ਬਲਵੰਤ ਗਾਰਗੀ, ਕਹਾਣੀਕਾਰ ਅਤਰਜੀਤ, ਕਵੀਸ਼ਰ ਬਾਬੂ ਰਜਬ ਅਲੀ ਵਰਗੇ ਅਣਗਿਣਤ ਨਾਮ ਹਨ ਜਿਨ੍ਹਾਂ ਨੇ ਸਾਹਿਤ ਅਤੇ ਕਲਾ ਵਿਚ ਇਸ ਇਲਾਕੇ ਦਾ ਹੀ ਨਹੀਂ ਪੂਰੇ ਭਾਰਤ ਦਾ ਨਾਮ ਦੁਨੀਆਂ ਵਿੱਚ ਪੈਦਾ ਕੀਤਾ ਹੈ। ਅੱਜ ਗਾਇਕੀ ਅਤੇ ਗੀਤਕਾਰੀ ਵਿੱਚ ਇਸ ਇਲਾਕੇ ਨੇ ਆਪਣੀ ਇੱਕ ਵੱਖਰੀ ਪਛਾਣ ਕਾਇਮ ਕਰ ਲਈ ਹੈ। ਲੁਧਿਆਣਏ ਤੋਂ ਬਾਅਦ ਬਠਿੰਡਾ ਗੀਤ ਸੰਗੀਤ ਦੀ ਮੰਡੀ ਦੇ ਰੂਪ ਵਿੱਚ ਉਭਰਕੇ ਸਾਹਮਣੇ ਆ ਚੁੱਕਿਆ ਹੈ। ਜਿੱਥੇ ਬੱਸਸਟੈਂਡ ਦੇ ੍ਰੜੇ ਅਣਗਿਣਤ ਕਲਾਕਾਰਾਂ ਦੇ ਬੋਰਡ ਲੱਗੇ ਨਜ਼ਰ ਆਉਂਦੇ ਹਨ। ਇਨ੍ਹਾਂ ਕਲਾਕਾਰਾਂ ਵਿੱਚੋਂ ਹੀ ਇੱਕ ਹੋਰ ਨਾਮ ਪਿਛਲੇ ਥੋੜ੍ਹੇ ਸਮੇਂ ਵਿੱਚ ਹੀ ਆਪਣੀ ਪਛਾਣ ਬਣਾਉਣ ਵਿੱਚ ਕਾਮਯਾਬ ਹੋਇਆ ਹੈ। ਉਹ ਹੈ ਗੀਤਕਾਰ ਅਤੇ ਗਾਇਕ ਹਰਵਿੰਦਰ ਸਿੱਧੂ। ਜਿਹੜਾ ਕਿ ਬਠਿੰਡੇ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਸਰਦਾਰਗੜ੍ਹ ਵਿਚ ਪਿਤਾ ਗੁਰਦੇਵ ਸਿੰਘ ਸਿੱਧੂ ਅਤੇ ਮਾਤਾ ਜਗਦੀਸ਼ ਕੌਰ ਦੇ ਘਰ 1977 ਵਿੱਚ ਪੈਦਾ ਹੋਇਆ ਭਾਵੇਂ ਉਸ ਨੂੰ ਗਾਉਣ ਦਾ ਭੁੱਸ ਤਾਂ ਬਚਪਨ ਵਿੱਚ ਹੀ ਪੈ ਗਿਆ ਸੀ ਪਰ ਸ਼ੁਰੂਆਤ ਵਿੱਚ ਉਸ ਨੇ ਗੀਤ ਲਿਖਣ ਵੱਲ ਹੀ ਬਹੁਤਾ ਧਿਆਨ ਦਿੱਤਾ। ਉਸ ਦਾ ਪਹਿਲਾ ਗੀਤ ਹਰਜੀਤ ਗਿੱਲ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਜਿਸ ਦੇ ਬੋਲ ਸਨ, ਨਾਂ ਮੇਰਾ ਮੁੰਦੀ 'ਤੇ ਲਿਖਾਈ ਫਿਰਦਾ।" ਫਿਰ ਕੇਵਲ ਚਹਿਲ, ਦੀਪ ਢਿੱਲੋਂ, ਹਰਮਨ ਸਿੱਧੂ, ਮਨਮੋਹਨ ਸਿੱਧੂ, ਮਿਸ ਪੂਜਾ, ਗੁਰਲੇਜ ਅਖ਼ਤਾਰ, ਸੁਖਬੀਰ ਸੰਧੂ, ਅਮਰ ਇਕਬਾਲ, ਜਤਿੰਦਰਜੀਤ, ਭੁਪਿੰਦਰ ਕੌਰ ਮੋਹਾਲੀ ਅਤੇ ਸੁਖੀ ਖਾਨ ਆਦਿ ਗਾਇਕਾਂ ਨੇ ਵੀ ਉਸ ਦੇ ਲਿਖੇ ਗੀਤਾਂ ਨੂੰ ਬੋਲ ਦਿੱਤੇ।

ਯਾਰਾਂ ਦੋਸਤਾਂ ਦੇ ਕਹਿਣ 'ਤੇ ਉਸ ਨੇ ਗਾਉਣਾ ਸ਼ੁਰੂ ਕੀਤਾ ਤਾਂ ਬਕਾਇਦਾ ਉਸਤਾਦ ਮੁਕਟ ਬਿਹਾਰੀ ਸ਼ਰਮਾ ਜੀ ਤੋਂ ਸੰਗੀਤ ਦੀਆਂ ਬਾਰੀਕੀਆਂ ਨੂੰ ਸਿੱਖਿਆ। ਪਹਿਲੀ ਸਟੇਜ ਗਿੱਦੜਬਾਹਾ ਵਿਖੇ 'ਗੀਤਾਂ ਭਰੀ ਦੁਪਹਿਰ ਨਾਂਅ ਹੇਠ ਗਿੱਦੜਬਾਹਾ ਵਿਖੇ ਲਾਈ ਤਾਂ ਸਰੋਤਿਆਂ ਨੇ ਚੰਗਾ ਹੁੰਗਾਰਾ ਦਿੱਤਾ। ਫਿਰ ਗੋਇਲ ਮਿਊਜਿਕ ਕੰਪਨੀ ਵੱਲੋਂ ਉਸ ਦੀ ਇੱਕ ਕੈਸਿਟ 'ਸੁਪਨੇ' ਮਿਸ ਪੂਜਾ ਨਾਲ ਕੱਢੀ ਗਈ ਤਾਂ ਉਸ ਦੀ ਕਾਫ਼ੀ ਚਰਚਾ ਹੋਈ। ਤੇਜਵੰਤ ਕਿੱਟੂ ਦੀ ਸੰਗੀਤ ਵਿੱਚ_ਸ ਦੀ ਸੁਰੀਲੀ ਆਵਾਜ਼ ਦਾ ਅਸਰ ਹੀ ਸੀ ਕਿ ਉਸ ਦੇ ਕੁਝ ਗੀਤ ਬੱਸਾਂ ਗੱਡੀਆਂ ਤੋਂ ਲੈ ਕੇ ਮੈਰਿਜ ਪੈਲੇਸਾਂ ਵਿੱਚ ਖ਼ੂਬ ਸੱਚਲਦੇ ਰਹੇ। ਜਿਨ੍ਹਾਂ ਵਿੱਚ ਸੱਤ ਸਿਨੇਮੇ, ਟਪ ਲਾ ਕੇ ਨੀਲੇ ਫੋਰਡ 'ਤੇ ਅਤੇ ਕੀ ਲੈਣਾ ਵਿਆਹ ਕਰਵਾ ਕੇ ਕਾਫੀ ਮਕਬੂਲ ਹੋਏ। ਇਸ ਕੈਸਿਟ ਵਿਚ ਉਸ ਦੇ ਦਸ ਦੋ ਗਾਣੇ ਸਨ। ਇਸ ਤੋਂ ਇਲਾਵਾ ਉਸ ਨੇ ਕਈ ਨਾਟਕਾਂ ਵਿੱਚ ਅਭਿਨੈ ਵੀ ਕੀਤਾ ਹੈ ਅਤੇ ਪਲੇ ਬੈਕ ਸਿੰਗਰ ਵਜੋਂ ਵੀ ਕੰਮ ਕੀਤਾ ਹੈ। ਹੁਣ ਉਸ ਦੀ ਨਵੀਂ ਸੋਲੋ ਕੈਸਿਟ 'ਮੇਰੇ ਵਰਗਾ ਮੁੰਡਾ' ਛੇਤੀ ਹੀ ਮਾਰਕੀਟ ਵਿਚ ਆ ਰਹੀ ਹੈ।



---

### ਜ਼ਿੰਦਗੀ 'ਚ ਹੱਡ ਭੰਨ੍ਹਵੀਂ ਮਿਹਨਤ ਨਾਲ ਕੁੰਦਨ ਬਣਿਆ

# ਬੱਬੂ ਖਾਨ

**ਸੁਰਿੰਦਰ ਬੱਤਾ**

ਉੱਘੇ ਸਾਹਿਤਕਾਰ ਦੇਵਿੰਦਰ ਸਤਿਆਰਥੀ ਦੀ ਜਨਮ ਭੂਮੀ ਕਸਬਾ ਭਦੌੜ ਵਿਖੇ ਇੱਕ ਬਹੁਤ ਹੀ ਗਰੀਬ ਪਰਿਵਾਰ ਵਿੱਚ ਮਾਤਾ ਬੀਬਨ ਬੇਗਮ ਦੀ ਕੁੱਖੋਂ ਪਿਤਾ ਪਾਲ ਖਾਨ ਦੇ ਘਰ ਜਨਮਿਆ ਬੱਬੂ ਖਾਨ ਅੱਜ-ਕੱਲ੍ਹ ਮਾਲਵਾ ਖੇਤਰ ਵਿੱਚ ਹਰ ਜਾਗਰਣ ਦੀ ਰੌਣਕ ਹੁੰਦਾ ਹੈ। ਘਰ ਦੇ ਹਾਲਤਾਂ ਨੇ ਬੱਬੂ ਖਾਨ ਦੀ ਪੜ੍ਹਾਈ ਮਿਡਲ ਸਕੂਲ ਤੱਕ ਮਸਾਂ ਪਹੁੰਚਣ ਦਿੱਤੀ ਅਤੇ ਘਰ ਦੇ ਜੀਆਂ ਨੂੰ ਜਿਉਂਦਾ ਰੱਖਣ ਲਈ ਬੱਬੂ ਖਾਨ ਨੂੰ ਹੋਟਲਾਂ ਤੇ ਭਾਂਡੇ ਮਾਂਜਣ ਅਤੇ ਸਾਈਕਲਰ 'ਤੇ ਬਰੈੱਡ ਡਬਲ ਰੋਟੀਆਂ ਵੇਚਣ ਦਾ ਧੰਦਾ ਕਰਨਾ ਪਿਆ। ਕਹਿੰਦੇ ਨੇ ਮਨੁੱਖ ਅੰਦਰ ਜੋ ਕਾਲ ਹੋਵੇ ਉਹ ਆਪਣੇ ਆਪ ਹੀ ਲੋਕਾਂ ਸਾਹਮਣੇ ਉਜਾਗਰ ਹੋ ਜਾਂਦੀ ਹੈ। ਨਿੱਕੇ-ਮੋਟੇ ਕੰਮ ਕਰਦਾ ਬੱਬੂ ਖਾਨ ਹਰ ਵਕਤ ਕੁਝ ਨਾ ਕੁਝ ਗੁਣ ਗੁਣਾਉਂਦਾ ਰਹਿੰਦਾ ਦਿਨ ਭਰ ਕੰਮ ਕਰਨ ਤੋਂ ਬਾਅਦ ਜਦ ਦੀ ਅੰਬਿਕਾ ਭਜਨ ਮੰਡਲੀ ਵੱਲੋਂ ਕਿਸੇ ਦੇ ਘਰ ਜਗਰਾਤਾ ਹੁੰਦਾ ਤਾਂ ਬੱਬੂ ਖਾਨ ਮੰਡਲੀ ਦੇ ਸੰਚਾਲਕ ਰਾਮ ਗੋਪਾਲ ਰੰਗੂ ਮਾਸ ਜਗਾ ਤੇ ਵਿਚ ਪਹੁੰਚ ਜਾਂਦਾ। ਰਾਮ ਗੋਪਾਲ ਰੰਗੂ ਨੇ ਜਦ ਇਸ ਨੌਜਵਾਨ ਦੀ ਆਵਾਜ਼ ਸੁਣੀ ਤਾਂ ਉਸ ਨੇ ਬੱਬੂ ਖਾਨ ਨੂੰ ਮਾਈਕ ਫੜਾ ਦਿੱਤਾ। ਮਾਈਕ ਫੜ੍ਹਨ ਦੀ ਦੇਰ ਸੀ ਬੱਬੂ ਖਾਨ ਨੇ ਮੁੜ ਪਿਛੇ ਨਹੀਂ ਦੇਖਿਆ ਅਤੇ ਮਿਹਨਤ ਸਦਕਾ ਪੁਲਾਘਾਂ ਭਰਦਾ ਅਗਾਂਹ ਹੀ ਤੁਰਿਆ ਗਿਆ। ਮਾਤਾ ਚਿੰਤਪੁਰਨੀ ਮਾਤਾ ਚਮੰਡਾ ਜੀ ਭਜਨ ਮੰਡਲੀ ਦੇ ਜਗਰਾਤਿਆਂ ਵਿੱਚ ਨਾਮਣਾ ਖੱਟਣ ਵਾਲੇ ਇਸ ਛੋਟੇ ਜਿਹੇ ਕਸਬੇ ਦੇ ਕਲਾਕਾਰ ਨੂੰ ਲੁਧਿਆਣਾ, ਜਲੰਧਰ, ਮੋਗਾ, ਬਾਘਾਪੁਰਾਣਾ, ਸੰਗਰੂਰ ਵਿਖੇ ਜਗਰਾਤੇ ਕਰਨ ਲਈ ਵਿਸ਼ੇਸ਼ ਤੌਰ 'ਤੇ ਬੁਲਾਇਆ ਜਾਂਦਾ ਹੈ। ਬੱਬੂ ਖਾਨ ਦੀ ਇੱਕ ਆਡੀਓ ਵੀਡੀਓ ਕੈਸਿਟ 'ਮਾਵਾਂ ਠੰਡੀਆਂ ਛਾਵਾਂ' ਜਵਾਲਾ ਜੀ ਦੀ ਨਾਮਵਰ ਕੰਪਨੀ ਵੱਲੋਂ ਮਾਰਕੀਟ ਵਿਚ ਪੇਸ਼ ਕੀਤੀ ਗਈ ਹੈ ਜਿਸ ਦਾ ਇਕ ਭਜਨ 'ਮਾਵਾਂ ਕੋਲੋਂ ਦੁੱਧ ਚੁੰਘ ਕੇ ਲੋਕੋਂ ਪੁੱਤ ਨਾ ਪਿਆਉਂਦੇ ਪਾਣੀ' ਹਰ ਚੈਨਲ 'ਤੇ ਧੁੰਮਾ ਮਚਾ ਰਿਹਾ ਹੈ। ਇਹ ਭਜਨ ਸੁਣਨ ਵਾਲੀ ਹਰ ਮਾਂ ਦੀਆਂ ਅੱਖਾਂ ਨਮ ਹੋ ਜਾਂਦੀਆਂ ਹਨ। ਖੁਦਾ ਦੀ ਮਿਹਰ ਸਦਕਾ ਉਸ ਨੂੰ ਐਸਾ ਗਲਾ ਮਿਲਿਆ ਹੈ ਕਿ ਇਸ ਨੂੰ ਸੁਣਨ ਵਾਲਾ ਹਰ ਵਿਅਕਤੀ ਅਸ਼ਅਸ਼ ਕਰ ਉੱਠਦਾ ਹੈ। ਬੱਬੂ ਖਾਨ ਨੂੰ ਪੰਜਾਬ ਦੀਆਂ ਨਾਮਵਰ ਭਜਨ ਮੰਡਲੀਆਂ ਵੱਲੋਂ ਬਹੁਤ ਸਾਰੇ ਮਾਨ-ਸਨਮਾਨ ਮਿਲੇ ਹਨ ਜਿਨ੍ਹਾਂ ਨੂੰ ਉਹ ਆਪਣੇ ਦਫ਼ਤਰ ਵਿੱਚ ਸੰਭਾਲੀ ਬੈਠਾ ਹੈ ਚਾਹੇ ਕਿਤੇ ਭਗਵਤਨੀ ਮਾਂ ਦਾ ਜਾਗਰਣ ਹੋਵੇ ਬੱਬੂ ਖਾਨ ਜ਼ਰੂਰ ਨਜਰ ਆਵੇਗਾ। ਅੱਜ ਕੱਲ੍ਹ ਇਹ ਭਜਨ ਗਾਇਕ ਭਜਨਾਂ ਦੀ ਨਵੀਂ ਕੈਸਿਟ ਦੀ ਤਿਆਰੀ ਵਿੱਚ ਰੁੱਝਿਆ ਹੋਇਆ ਹੈ। ਬੱਬੂ ਖਾਨ ਰਾਮ ਗੋਪਾਲ ਰੰਗੂ ਨੂੰ ਆਪਣਾ ਆਦਰਸ਼ ਮੰਨਦਾ ਹੈ ਅਤੇ ਭਦੌੜ ਕਸਬੇ ਦੇ ਲੋਕਾਂ ਵੱਲੋਂ ਮਿਲੇ ਸਹਿਯੋਗ ਨੂੰ ਆਪਣੀ ਕਾਮਯਾਬੀ ਮੰਨਦਾ ਹੈ। ਭਦੌੜ ਵਿਖੇ ਆਪਣੇ ਦੋ ਬੱਚਿਆਂ ਅਤੇ ਪਤਨੀ ਸ਼ਬਾਨਾ ਨਾਲ ਖੁਸ਼ੀ-ਖੁਸ਼ੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਬੱਬੂ ਖਾਨ ਗਾਇਕੀ ਦੇ ਸ਼ਿਕਰ ਤੱਕ ਪਹੁੰਚਣ ਲਈ ਯਤਨਸ਼ੀਲ ਹੈ। ਸ਼ਾਲਾ ਇਹ ਗਾਇਕ ਆਪਣੇ ਮਕਸਦ ਵਿੱਚ ਕਾਮਯਾਬ ਹੋਵੇ ਤੇ ਭਜਨ ਗਾਇਕੀ ਵਿੱਚ ਵੱਖਰਾ ਸਥਾਨ ਪ੍ਰਾਪਤ ਕਰੇ।

